International Journal of Applied Research 2022; 8(3): 433-438




**ISSN Print:** 2394-7500
**ISSN Online:** 2394-5869
**Impact Factor:** 8.4
IJAR 2022; 8(3): 433-438
www.allresearchjournal.com
Received: 06-01-2022
Accepted: 10-02-2022

**ਡਾ. ਹਰਪ੍ਰੀਤ ਕੌਰ**
ਐਸੋਸੀਏਟ ਪ੍ਰੋਫੈਸਰ, ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ, ਕੋਟਾਂ, ਪੰਜਾਬ, ਭਾਰਤ

**Corresponding Author:**
**ਡਾ. ਹਰਪ੍ਰੀਤ ਕੌਰ**
ਐਸੋਸੀਏਟ ਪ੍ਰੋਫੈਸਰ, ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ, ਕੋਟਾਂ, ਪੰਜਾਬ, ਭਾਰਤ

# ਸਮਾਜ ਦੇ ਨਿਘਾਰ ਦੇ ਕਾਰਨ ਅਤੇ ਸੁਝਾਅ

**ਡਾ. ਹਰਪ੍ਰੀਤ ਕੌਰ**

## ਪ੍ਰਸਤਾਵਨਾ

ਸਮਾਜ ਲੋਕਾਂ ਦਾ ਇਕੱਠ ਨਹੀਂ ਸਗੋਂ ਵਿਅਕਤੀਆਂ ਦੇ ਵਿੱਚ ਪ੍ਰਸਪਰਿਕ ਸੰਬੰਧਾਂ ਦੀ ਵਿਵਸਥਾ ਹੈ। ਸਮਾਜ ਦਾ ਨਿਰਮਾਣ ਕੇਵਲ ਵਿਅਕਤੀਆਂ ਦੇ ਇਕੱਠੇ ਹੋ ਜਾਣ ਨਾਲ ਨਹੀਂ ਹੁੰਦਾ ਬਲਕਿ ਸਮਾਜ ਦੀ ਰਚਨਾ ਉਹਨਾਂ ਵਿਚ ਉਤਪੰਨ ਹੋਏ ਸਮਾਜਿਕ ਸੰਬੰਧਾਂ ਤੋਂ ਹੁੰਦੀ ਹੈ। ਸਮਾਜ ਸਮਾਜਿਕ ਸੰਬੰਧਾਂ ਦੀ ਇਕ ਅਜਿਹੀ ਵਿਵਸਥਾ ਹੈ ਜੋ ਅਨੇਕ ਪ੍ਰਕਾਰ ਦੇ ਸਮਾਜਿਕ ਸੰਬੰਧਾਂ ਤੋਂ ਮਿਲ ਕੇ ਬਣਦੀ ਹੈ। ਇਹ ਵਿਭਿੰਨ ਪ੍ਰਕਾਰ ਦੇ ਸੰਬੰਧ ਆਪਸ ਵਿਚ ਨਿਸ਼ਚਿਤ ਪ੍ਰਤੀਮਾਨ ਵਿਚ ਜੁੜੇ ਰਹਿੰਦੇ ਹਨ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ, ਜਿਸਦੇ ਫਲਸਰੂਪ ਸਮਾਜ ਅਰਥਾਤ ਜਟਿਲ ਸਮਾਜਿਕ ਸੰਬੰਧਾਂ ਦੀ ਵਿਵਸਥਾ ਵਿਚ ਨਿਰੰਤਰ ਪਰਿਵਰਤਨ ਆਉਂਦੇ ਹਨ। ਵੱਖ-ਵੱਖ ਜਾਤਾਂ,ਵਰਗਾਂ, ਮਤਾਂ ਜਾਂ ਪੰਥਾਂ, ਨਸਲਾਂ ਦੇ ਲੋਕ ਇਕ ਦੂਜੇ ਨਾਲ ਆਪਸ ਵਿਚ ਕਾਰ- ਵਿਹਾਰ ਕਰਦੇ ਹਨ। ਇਸ ਤਰਾਂ ਸਮਾਜ ਹੋਂਦ ਵਿਚ ਆਉਂਦਾ ਹੈ। ਮਨੁੱਖੀ ਪ੍ਰਾਣੀਆਂ ਦੀਆਂ ਜੋ ਬੁਨਿਆਦੀ ਲੋੜਾਂ ਹੁੰਦੀਆਂ ਹਨ,ਉਹਨਾਂ ਨੂੰ ਉਹ ਸਿਰਫ ਦੂਜਿਆਂ ਨਾਲ ਮਿਲਜੁਲ ਕੇ ਹੀ ਪੂਰਾ ਕਰ ਸਕਦੇ ਹਨ। ਲੋਕਾਂ ਦੇ ਇਸ ਆਪਸ ਵਿਚ ਕਾਰ ਵਿਹਾਰ ਦੀ ਕੋਈ ਖਾਸ ਸਿਫਤ ਜਾਂ ਗੁਣ ਹੁੰਦਾ ਹੈ ਜਿਸ ਦੇ ਅਧਾਰ ਤੇ ਉਹ ਵੱਖ-ਵੱਖ ਸਮਾਜਾਂ ਦਾ ਹਿੱਸਾ ਬਣਦੇ ਹਨ। ਮਨੁੱਖ ਇਕ ਸਮਾਜਕ ਪ੍ਰਾਣੀ ਹੈ ਜਿਸ ਦਾ ਸਮੁੱਚਾ ਵਿਕਾਸ ਸਮਾਜ ਰਾਹੀਂ ਹੀ ਹੋ ਸਕਦਾ ਹੈ । ਉਹ ਸਮਾਜ ਤੋਂ ਵੱਖਰਾ ਹੋ ਕੇ ਕਦੇ ਵੀ ਜਿਉਂਦਾ ਨਹੀਂ ਰਹਿ ਸਕਦਾ। ਸਮਾਜ ਨਾਲੋਂ ਟੁੱਟਿਆ ਮਨੁੱਖ ਭਾਵੇਂ ਸਰੀਰਕ ਤੌਰ ਤੇ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਵੇ ਪਰ ਮਾਨਸਿਕ ਤੌਰ ਤੇ ਉਹ ਪਸ਼ੂ ਤੋਂ ਵੱਧ ਕੁਝ ਵੀ ਨਹੀਂ ਹੁੰਦਾ । ਪਸ਼ੂਆਂ ਦੀ ਤਰ੍ਹਾਂ ਜੰਗਲਾਂ ਵਿੱਚ ਭਟਕਦਾ ਆਦਿ ਮਨੁੱਖ ਆਪਣੇ ਬੌਧਿਕ ਵਿਕਾਸ ਰਾਹੀਂ ਪੱਥਰ ਯੁੱਗ ਤੋਂ ਅਜੋਕੇ ਅਖੌਤੀ ਸਭਿਅਕ ਯੁੱਗ ਤੱਕ ਪਹੁੰਚ ਕੇ ਵੀ ਆਪਣਾ ਪਸ਼ੂਪੁਣਾ ਆਪਣੇ ਨਾਲ ਹੀ ਚੁੱਕੀ ਫਿਰਦਾ ਹੈ।

ਹਰ ਯੁੱਗ ਦੀਆਂ ਆਪਣੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ ਜੋ ਉਸ ਸਮੇਂ ਦੇ ਦੇਸ਼ ਕਾਲ ਤੇ ਸਮਾਜਿਕ ਵਾਤਾਵਰਨ ਰਾਹੀਂ ਸਥਾਪਤ ਹੁੰਦੀਆਂ ਹਨ । ਮਸਲਨ ਸ਼ਿਕਾਰੀ ਮਨੁੱਖ ਦੀਆਂ ਆਪਣੀਆਂ ਲੋੜਾਂ ਤੇ ਰੀਤੀ ਰਿਵਾਜ ਸਨ ਤੇ ਜਿਉਂਦੇ ਰਹਿਣ ਲਈ ਉਸ ਦੇ ਆਪਣੇ ਕਬਾਇਲੀ ਢੰਗ ਤਰੀਕੇ ਸਨ। ਸਮਾਜਿਕ ਵਿਕਾਸ ਅਮਲ ਵਿੱਚ ਅੱਗੇ ਵਧ ਕੇ ਖੇਤੀ ਕਰਨ ਲੱਗੇ ਮਨੁੱਖ ਦੇ ਰਸਮ ਰਿਵਾਜ਼, ਸੰਦ, ਹਥਿਆਰ, ਮਨ ਪ੍ਰਚਾਵੇ ਦੇ ਸਾਧਨ, ਖਾਣ ਪਹਿਨਣ, ਗੀਤ ਸੰਗੀਤ, ਬੋਲ ਚਾਲ, ਰਹਿਣ ਸਹਿਣ,ਵਰਤੋਂ ਵਿਹਾਰ,ਰਿਸ਼ਤੇ ਨਾਤੇ, ਸਮਾਜਿਕ ਸੁਰੱਖਿਆ ਤੇ ਪ੍ਰਸ਼ਾਸ਼ਕੀ ਤਾਣਾ ਬਾਣਾ ਜਗੀਰੂ ਪ੍ਰਬੰਧ ਅਧੀਨ ਚੱਲਦਾ ਰਿਹਾ । ਜਗੀਰੂ ਪ੍ਰਬੰਧ ਅਧੀਨ ਜਮੀਨ ਹੀ ਸਭ ਤੋਂ ਵੱਡਾ ਪੈਦਾਵਾਰੀ ਸਾਧਨ ਸੀ ਤੇ ਸਰੀਰਕ ਬਲ ਰਾਹੀਂ ਜਮੀਨ ਨੂੰ ਹਥਿਆਉਣ ਲਈ ਛੋਟੇ ਛੋਟੇ ਰਜਵਾੜੇ ਲਹੂ ਵਹਾਉਂਦੀਆਂ ਰਵਾਇਤੀ ਹਥਿਆਰਾਂ ਨਾਲ ਲੜੀਆਂ ਲੜਾਈਆਂ ਰਾਹੀਂ ਰਾਜੇ ਅਤੇ ਮਹਾਰਾਜੇ ਬਣ ਕੇ ਰਾਜ ਕਰਦੇ ਸਨ। ਹਰ ਯੁੱਗ ਦੀਆਂ ਆਪਣੀਆਂ ਵਿਅਕਤੀਗਤ ਅਤੇ ਸਮਾਜਿਕ ਕਠਿਨਾਈਆਂ, ਮੁਸ਼ਕਲਾਂ ਤੇ ਸਮੱਸਿਆਵਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਲੜਦਾ ਭਿੜਦਾ ਵਿਅਕਤੀ, ਪਰਿਵਾਰ ਤੇ ਸਮਾਜ ਅੱਗੇ ਵਧਦਾ ਰਹਿੰਦਾ ਹੈ । ਸਮਾਜਿਕ ਵਿਕਾਸ ਅਮਲ ਕਦੇ ਵੀ

ਖੜੋਤ ਵਿੱਚ ਨਹੀਂ ਹੁੰਦਾ ਤੇ ਸਮਾਜਿਕ ਵਿਕਾਸ ਦਾ ਪਹੀਆ ਹਮੇਸ਼ਾਂ ਅੱਗੇ ਹੀ ਅੱਗੇ ਵਧਦਾ ਰਹਿੰਦਾ ਹੈ । ਇਹ ਵੀ ਸੱਚ ਹੈ ਕਿ ਤਤਕਾਲੀ ਸਮੇਂ ਦੇ ਦੱਬੇ ਕੁਚਲੇ,ਲਿਤਾੜੇ ਤੇ ਪੀੜਤ ਹਿੱਸੇ ਸਮੇਂ ਦੇ ਹਾਕਮਾਂ ਦੇ ਸਮਾਜਿਕ ਤੇ ਰਾਜਸੀ ਜਬਰ ਕਾਰਨ ਅਸੰਤੁਸ਼ਟ ਰਹਿੰਦੇ ਹਨ। ਉਹਨਾਂ ਨੂੰ ਵਰਤਮਾਨ ਨਾਲੋਂ ਬੀਤਿਆ ਸਮਾਂ ਚੰਗਾ ਲੱਗਦਾ ਹੈ ਭਾਵੇਂ ਕਿ ਆਪਣੇ ਵਰਤਮਾਨ ਵਿੱਚ ਉਸ ਸਮੇਂ ਵੀ ਵਿਕਰਾਲ ਸਮੱਸਿਆਵਾਂ ਦਰਪੇਸ਼ ਹੁੰਦੀਆਂ ਹਨ । ਬੀਤੇ ਸਮੇਂ ਨੂੰ ਸਤਯੁੱਗ, ਸੁਨਹਿਰੀ ਕਾਲ ਜਾਂ ਭਲਾ ਸਮਾਂ ਮੰਨ ਕੇ ਵੇਰਵਾ ਕੀਤਾ ਜਾਂਦਾ ਹੈ ।

## ਸਮਾਜਿਕ ਬੁਰਿਆਈਆਂ

ਸਮਾਜਿਕ ਵਿਕਾਸ ਵਿਚ ਰੋੜਾ ਬਣਨ ਵਾਲਾ ਹਰ ਸਮਾਜਿਕ ਰੁਝਾਨ ਸਮਾਜਿਕ ਬੁਰਿਆਈ ਕਿਹਾ ਜਾਂਦਾ ਹੈ। ਹਰ ਸਮਾਜਿਕ ਬੁਰਿਆਈ ਦਾ ਕੋਈ ਨਾ ਕੋਈ ਪਿਛੋਕੜ ਹੁੰਦਾ ਹੈ। ਸਮਾਂ ਆਪਣੀ ਤੋਰ ਤੁਰਦਾ ਰਹਿੰਦਾ ਹੈ, ਸਮਾਜਿਕ ਬੁਰਿਆਈ ਜੜਾਂ ਵਾਲੇ ਨਦੀਨ ਵਾਂਗ ਉਵੇਂ ਹੀ ਰਹਿੰਦੀ ਹੈ। ਸਮਾਜ ਵਿਚ ਰਹਿਦਿਆਂ ਮਨੁੱਖ ਨੇ ਆਪਣੀ ਲੋੜ ਅਨੁਸਾਰ ਕਈ ਗਤੀਵਿਦੀਆਂ ਹੋਂਦ ਵਿਚ ਲਿਆਂਦੀਆਂ। ਸਮੇਂ ਦੇ ਪਰਿਵਰਤਨ ਨਾਲ ਇਹਨਾਂ ਵਿੱਚ ਕਈ ਬਦਲਾਅ ਵੀ ਆਏ ਹਨ। ਪਰ ਜਦੋਂ ਇਹ ਪਰਿਵਰਤਨ ਸਾਡੀਆਂ ਕਮਜੋਰੀਆਂ ਬਣ ਜਾਂਦੀਆਂ ਹਨ, ਤਾਂ ਇਹ ਸਮਾਜ ਦੇ ਮੱਥੇ ਤੇ ਕਲੰਕ ਬਣ ਜਾਂਦੀਆਂ ਹਨ। ਇਹ ਸਮਾਜਕ ਕੁਰੀਤੀਆਂ ਸਾਡੇ ਸਮਾਜ ਅਤੇ ਦੇਸ਼ ਨੂੰ ਘੁਣ ਵਾਂਗ ਖਾ ਰਹੀਆਂ ਹਨ। ਸਾਡਾ ਸਮਾਜ ਇਨਾਂ ਕੁਰੀਤੀਆਂ ਦੀ ਜਿੱਲਤ ਵਿਚ ਬਹੁਤ ਬੁਰੀ ਤਰਾਂ ਫਸ ਚੁੱਕਾ ਹੈ। ਇਹਨਾਂ ਦਾ ਸਮਾਜ ਤੇ ਬਹੁਤ ਮਾੜਾ ਅਸਰ ਹੋ ਰਿਹਾ ਹੈ। ਪਰਿਵਾਰਕ ਰਿਸ਼ਤਿਆਂ ਵਿਚ ਤਰੇੜਾਂ ਆ ਰਹੀਆਂ ਹਨ। ਲੋਕਾਂ ਵਿੱਚ ਪੈਸੇ ਦੀ ਹਵਸ ਵੱਧ ਰਹੀ ਹੈ। ਅਸਹਿਣਸ਼ੀਲਤਾ ਦਿਨੋ-ਦਿਨ ਵਧ ਰਹੀ ਹੈ। ਆਪਣਿਆਂ ਹੱਥੋਂ ਆਪਣੇ ਮਾਰੇ ਜਾ ਰਹੇ ਹਨ। ਬਜੁਰਗ ਦਾ ਘਰ ਵਿਚ ਮਾਣ-ਸਤਿਕਾਰ ਨਾ-ਮਾਤਰ ਹੀ ਰਹਿ ਗਿਆ ਹੈ। ਛੂਤ-ਛਾਤ,ਜਾਤ-ਪਾਤ,ਧਰਮ ਆਦਿ ਦੇ ਨਾਂਅ ਤੇ ਦੰਗੇ-ਫਸਾਦ ਹੋ ਰਹੇ ਹਨ। ਲੋਕਾਂ ਦਾ ਕਲੱਬਾਂ,ਹੋਟਲਾਂ ਵੱਲ ਰੁਝਾਨ ਵਧਣ ਨਾਲ ਬਦਫਹਿਲੀਆਂ ਵਧ ਰਹੀਆਂ ਹਨ। ਰਾਜਨੀਤੀ ਵਿਚ ਗਿਰਾਵਟ ਆ ਰਹੀ ਹੈ ਅਤੇ ਸਾਡੇ ਨੇਤਾਵਾਂ ਦਾ ਕਿਰਦਾਰ ਦਿਨੋ-ਦਿਨ ਗਿਰ ਰਿਹਾ ਹੈ। ਭਿ਼ਸ਼ਟਾਚਾਰ ਦੇ ਦਿਨੋ-ਦਿਨ ਵਧਣ ਨਾਲ ਘਪਲੇਬਾਜੀ,ਘੋਟਾਲੇ ਵਧ ਰਹੇ ਹਨ। ਲੋਕਾਂ ਵਿਚ ਰਾਸ਼ਟਰੀ ਏਕਤਾ ਨਾਂਅ ਦੀ ਚੀਜ਼ ਹੀ ਨਹੀਂ ਰਹੀ। ਇਹ ਕੁਰੀਤੀਆਂ ਹੀ ਸਾਡੇ ਸਮਾਜ ਦੇ ਨਿਘਾਰ ਦਾ ਕਾਰਨ ਬਣ ਰਹੀਆਂ ਹਨ।

## 1. ਨਸ਼ਿਆਂ ਦਾ ਪਸਾਰ

ਅੱਜ ਹਰ ਪਾਸੇ ਨਸ਼ਿਆਂ ਦਾ ਪਸਾਰਾ ਇੱਥੋਂ ਤੱਕ ਵੱਧ ਚੁੱਕਾ ਹੈ ਕਿ ਦੇਸ਼ ਵਿਚ ਇਸ ਸਮੇਂ ਨਸ਼ਿਆਂ ਦਾ ਹੀ ਬੋਲ ਬਾਲਾ ਹੈ। ਲੋਕ ਇਸ ਦੀ ਚੁੰਗਲ ਵਿਚ ਫੱਸ ਰਹੇ ਹਨ। ਨਸ਼ੇੜੀ ਲੋਕਾਂ ਦਾ ਕੋਈ ਕਿਰਦਾਰ ਨਹੀਂ ਰਹਿ ਗਿਆ ਹੈ। ਨਵੀਂ ਪੀੜੀ ਨੂੰ ਨਸ਼ੇ ਦੀ ਲੱਤ ਅਜਿਹੀ ਲੱਗੀ ਹੈ ਕਿ ਜੋ ਚੋਰੀਆਂ,ਲੁੱਟਾਂ ਖੋਹਾਂ, ਕਤਲਾਂ ਨੂੰ ਜਨਮ ਦੇ ਰਹੀ ਹੈ। ਕੋਈ ਵੀ ਆਪਣੇ ਘਰ ਜਾਂ ਬਾਹਰ ਸੁਰੱਖਿਅਤ ਨਹੀਂ ਅਖਵਾ ਸਕਦਾ। ਬਜਾਰਾਂ ਵਿਚ ਔਰਤਾਂ ਤੋਂ ਗਹਿਣੇ ਸ਼ਰੇਆਮ ਲੁੱਟੇ ਜਾ ਰਹੇ ਹਨ। ਕੀ ਲੜਕੇ, ਕੀ ਲੜਕੀਆਂ ਧੜਾ-ਧੜ ਇਸ ਦਾ ਸ਼ਿਕਾਰ ਹੋ ਰਹੇ ਹਨ। ਸਾਡਾ ਵਿਦਿਆਰਥੀ ਵਰਗ ਤਾਂ ਬੁਰੀ ਤਰਾਂ ਇਸ ਦੀ ਲਪੇਟ ਵਿਚ ਆ ਚੁੱਕਾ ਹੈ। ਖਾਸ ਕਰਕੇ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਪੈ ਕੇ ਆਪਣਾ ਜੀਵਨ ਬਰਬਾਦ ਕਰਨ ਤੇ ਤੁਲੀ ਹੋਈ ਹੈ। ਪੰਜਾਬ ਵਿਚ ਕਦੀ ਲੋਕ ਸ਼ਰਾਬ,ਪੋਸਤ ਜਾਂ ਮਾੜੀ ਮੋਟੀ ਅਫੀਮ ਦੇ ਹੀ ਆਦੀ ਸਨ ਪਰ ਅੱਜ ਤਾਂ ਹੈਰੋਇਨ, ਅਫੀਮ, ਸਮੈਕ, ਗਾਂਜਾ, ਹਸ਼ੀਸ਼, ਸੁਲਫਾ, ਸ਼ਰਾਬ,ਕੋਕੀਨ, ਮੈਂਡਰਿਕਸ, ਐੱਲ.ਐਸ.ਈ.ਤੇ ਕਈ ਤਰਾਂ ਦੇ ਟੀਕੇ, ਕੈਪਸੂਲ ਅਤੇ ਹੋਰ ਕਈ ਤਰਾਂ ਦੇ ਨਸ਼ੇ ਮੰਡੀ ਵਿਚ ਆ ਚੁੱਕੇ ਹਨ। ਬਹੁੱਤ ਸਾਰੇ ਲੋਕਾਂ ਨੇ ਤਾਂ ਨਸ਼ੇ ਦੀਆਂ ਚੀਜਾਂ ਨੂੰ ਇਕ ਵਪਾਰ ਹੀ ਬਣਾ ਲਿਆ ਹੈ। ਬਜਾਰ ਵਿਚ ਇਹ ਨਸ਼ੇ ਧੜੱਲੇ ਨਾਲ ਵਿਕ ਰਹੇ ਹਨ। ਸਕੂਲਾਂ ਅਤੇ ਕਾਲਜਾਂ ਦੇ ਹੋਸਟਲਾਂ ਵਿੱਚ ਇਹਨਾਂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ। ਇਹਨਾਂ ਨੂੰ ਵੇਚਣ ਵਾਲੇ ਗੁੰਡੇ ਕਿਸਮ ਦੇ ਲੋਕ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਦੀ ਪਰਵਾਹ ਕੀਤੇ ਬਿਨਾਂ ਹੀ ਬੱਚਿਆਂ ਨੂੰ ਨਸ਼ਾ ਵੇਚ ਰਹੇ ਹਨ। ਇਹ ਨਸ਼ੇ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਜਾਂਦੇ ਹਨ ਅਤੇ ਅਫ਼ਗਾਨਿਸਤਾਨ ਵਰਗੇ ਦੇਸ਼ ਵਿਚ ਤਾਂ ਇਸ ਦੀ ਖੇਤੀ ਵੀ ਕੀਤੀ ਜਾਂਦੀ ਹੈ। ਨਸ਼ੇ ਮਨੁੱਖ ਦੁਆਰਾ ਸਹੇੜੀ ਗਈ ਮੌਤ ਹੈ। ਇਹ ਮੌਤ ਜਿੱਥੇ ਸਮਾਜ ਦੇ ਮੱਥੇ ਤੇ ਕਲੰਕ ਹੈ, ਉੱਥੇ ਨਸ਼ਈ ਵਿਅਕਤੀ ਅਤੇ ਉਸ ਦੇ ਪਰਿਵਾਰ ਨੂੰ ਵੀ ਗਰੀਬੀ ਅਤੇ ਮੁਸੀਬਤਾਂ ਦੇ ਲੜ ਲਾ ਜਾਂਦੀ ਹੈ। ਅਜਿਹੀ ਭਿਅੰਕਰ ਤੇ ਧੀਮੀ ਗਤੀ ਵਾਲੀ ਮੌਤ ਦੇ ਸੁਦਾਗਰ ਚਾਂਦੀ ਦੀਆਂ ਚੰਦ ਛਿੱਲੜਾ ਖਾਤਰ ਜ਼ਹਿਰ ਦੇ ਪਿਆਲਿਆਂ ਦਾ ਕਾਰੋਬਾਰ ਨਿਧੜਕ ਹੋ ਕੇ ਕਰ ਰਹੇ ਹਨ। ਨਸ਼ਈ ਵਿਅਕਤੀਆਂ ਦੀ ਜਿਦਗੀ ਜਿਉਂਦੇ ਹੋਏ ਵੀ ਮੋਇਆਂ ਬਰਾਬਰ ਹੈ ਕਿਉਂਕਿ ਨਸ਼ਾ ਸਰੀਰ ਵਿਚ ਵਿਕਾਰ ਪੈਦਾ ਕਰਦਾ ਹੈ, ਸਿਹਤ ਖਰਾਬ ਕਰਦਾ ਹੈ, ਧਨ ਦਾ ਉਜਾੜਾ ਕਰਦਾ ਹੈ, ਦਿਮਾਗੀ ਸੰਤੁਲਨ ਗੁਆ ਦਿੰਦਾ ਹੈ, ਹੱਸਦਾ ਵੱਸਦਾ ਘਰ ਬਰਬਾਦ ਕਰ ਦਿੰਦਾ ਹੈ। ਮਨੁੱਖ ਸੱਜਣਾਂ ਮਿੱਤਰਾਂ ਦੀ ਨਫ਼ਰਤ ਅਤੇ ਬੁਰੀਆਂ ਆਦਤਾਂ ਦਾ ਸ਼ਿਕਾਰ ਵੀ ਬਣਦਾ ਹੈ। ਸਮਾਜ ਵਿਚ ਨਸ਼ਿਆਂ ਦਾ ਵਧ ਰਿਹਾ ਪ੍ਰਕੋਪ ਵੀ ਅਨੈਤਿਕ ਗਤੀਵਿਧੀਆਂ ਨੂੰ ਵਧਾਉਣ ਵਿਚ ਸਹਾਈ ਹੁੰਦਾ ਹੈ। ਨਸ਼ਿਆਂ ਦੀ ਲੋੜ ਨੂੰ ਪੂਰਾ ਕਰਨ ਲਈ ਇਹ ਨੌਜਵਾਨ ਜੁਰਮ ਦੀ ਦੁਨੀਆਂ ਦਾ ਹਿੱਸਾ ਬਣ ਜਾਂਦੇ ਹਨ। ਮੈਰਿਜ ਪੈਲਿਸੀ ਸਭਿਆਚਾਰ ਨੇ ਇਸ ਵਰਤਾਰੇ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਸ਼ਰਾਬ ਦੀ ਖੁੱਲ੍ਹੇਆਮ ਵਰਤੋ ਹੋ ਰੀਹ ਹੈ ਅਤੇ ਆਮ ਛੋਟੀ ਉਮਰ ਦੇ ਮੁੰਡੇ ਵੀ ਕੋਲਡ ਡਰਿੰਕਸ ਵਿਚ ਸ਼ਰਾਬ ਪਾ ਕੇ ਪੀਣ ਦੇ ਰਾਹ ਤੁਰ ਪਏ ਹਨ। ਅਸ਼ਲੀਲ ਜਿਹੇ ਗੀਤਾਂ 'ਤੇ, ਸ਼ਰਾਬ ਦੇ ਨਸ਼ੇ ਵਿਚ ਲੋਕ ਨਾਚੀਆਂ ਦੇ ਨੇੜੇ ਹੋ ਹੋ ਨੱਚਦੇ ਹਨ।

## 2. ਪੱਛਮੀਂ ਸਮਾਜ ਵੱਲ ਆਕਰਸ਼ਨ

ਸਕੂਲਾਂ ਕਾਲਜਾਂ ਵਿਚ ਲੜਕੇ ਅਤੇ ਲੜਕੀਆਂ ਪੜਨ ਲਈ ਆਉਂਦੇ ਹਨ ਪਰ ਉਹਨਾਂ ਦਾ ਧਿਆਨ ਪੜਾਈ ਵੱਲੋਂ ਹਟ ਕੇ ਸ਼ਰਾਰਤਾਂਘੁੰਮਣ ਫਿਰਨ ਵੱਲ ਜਿਆਦਾ ਹੋ ਗਿਆ ਹੈ। , ਵਿਦਿਆਰਥੀ ਮਹਿੰਗੀਆਂ ਵਸਤੂਆਂ ਖਰੀਦਣਾ ਇੱਕ ਫੈਸ਼ਨ

ਸਮਝਦੇ ਹਨ ਤਾਂ ਜੋ ਉਹ ਦੂਜਿਆਂਵਿਚ ਆਪਣੀ ਟੌਹਰ ਬਣਾ ਸਕਣ। ਪੱਛਮੀ ਸੱਭਿਅਤਾ ਦੇ ਭਾਰੂ ਹੋਣ ਨਾਲ ਨੰਗੇਜ਼ , ਅਸ਼ਲੀਲਤਾ ,ਭੜਕਾਊ ਪਹਿਰਾਵਿਆਂਲੱਚਰ ਗੀਤਾਂ ਨੂੰ ਬੱਲ , ਇਖਲਾਕ ਭੁੱਲ ,ਵਿਰਸਾ ,ਮਿਲਿਆ ਹੈ। ਅਸੀਂ ਆਪਣਾ ਧਰਮ ਕਲੱਬਾਂ ਵਿਚ ਨੰਗੇ ਨਾਚ ਹੋ ਰਹੇ ਹਨ ,ਬਾਰਾਂ,ਚੁੱਕੇ ਹਾਂ। ਹੋਟਲਾਂ ,ਅਤੇ ਲੋਕ ਇਹਨਾਂ ਦਾ ਬੇਸ਼ਰਮੀ ਨਾਲ ਅਨੰਦ ਮਾਣ ਰਹੇ ਹਨ ਪਰ ਕੋਈਇਸ ਨੂੰ ਰੋਕਣ ਵਾਲਾ ਨਹੀਂ ਹੈ। ਇਸ ਦੇ ਵਿਸਥਾਰ ਨੂੰ ਰੋਕਣ ਲਈ ਸਾਡੇ ਵੱਲੋਂ ਕੋਈ ਉਪਰਾਲਾ ਵੀ ਨਹੀਂ ਕੀਤਾ ਜਾ ਰਿਹਾ। ਅਸੀਂ ਆਪਣੇ ਬੱਚਿਆਂ ਨੂੰ ਰੋਕਣ ਦੀ ਬਜਾਏ ਆਪ ਹੀ ਪੱਛਮੀਂ ਪਹਰਾਵਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਪੱਛਮੀਂ ਸਮਾਜ ਵਿੱਚ ਜੋ ਗੁੱਣ ਸਨ ਉਹਨਾਂ ਤੋਂ ਅਸੀਂ ਆਪਣੇ ਬੱਚਿਆਂ ਨੂੰ ਜਾਣੂੰ ਕਰਵਾਉਣਾ ਤਾਂ ਭੁੱਲ ਹੀ ਗਏ ਹਾਂ। ਇਸ ਬਦਲਾਵ ਪਿੱਛੇ ਫੈਸ਼ਨ ਕੰਪਨੀਆ ਦਾ ਬਹੁਤ ਵੱਡਾ ਹੱਥ ਹੈ। ਉਹ ਨਿੱਤ ਨਵੇਂ ਡਿਜਾਈਨ ਤਿਆਰ ਕਰਕੇ ਮਾਰਕੀਟ ਵਿਚ ਭੇਜਦੇ ਹਨ ਅਤੇ ਸ਼ੋਅਰੂਮਾਂ ਵਿਚ ਆਦਮ ਕੱਦ ਬੁੱਤਾਂ ਰਾਹੀਂ ਉਹਨਾਂ ਦਾ ਧਿਆਨ ਖਿੱਚਦੇ ਹਨ। ਫਿਲਮਾਂ, ਟੀਅਤੇ ਬਾਜ਼ਾਰੂ ਜਿਹੇ ਗੀਤਾਂ .ਵੀ. ਭਰਪੂਰ ਸਮੱਗਰੀ ਪਰੋਸੀ -ਦੀਆਂ ਵੀਡੀਓ ਕੈਸਟਾਂ ਵਿਚ ਨੰਗੇਜ਼ ਜ ਾ ਰਹੀ ਹੈ। ਅਸ਼ਲੀਲਤਾ ਇੰਨੀ ਭਾਰੂ ਹੋ ਚੁੱਕੀ ਹੈ ਕਿ ਸਮਾਜ ਦੇ ਹਰ ਨੈਤਿਕ ਨਿਯਮ ਨੂੰ ਉਲੰਘਿਆ ਜਾ ਰਿਹਾ ਹੈ। ਇਸ ਤਰਾਂ ਭਾਰਤ ਦਾ ਭਵਿੱਖ ਵਿਦਿਆਰਥੀ ਜਗਤ ਢਹਿੰਦੀ ਕਲਾ ਵੱਲ ਨੂੰ ਜਾ ਰਿਹਾ ਹੈ। ਫਿਲਮਾਂ ਦੇ ਦੀਵਾਨੇ ਨੌਜਵਾਨ, ਨਾਇਕ ਤੇ ਨਾਇਕਾਵਾਂ ਦੀ ਭਰਮਯੁਕਤ ਚਕਾਚੌਂਧ -ਨੂੰ ਅਸਲੀਅਤ ਸਮਝਣ ਦਾ ਭੁਲੇਖਾ ਸਿਰਜ ਲੈਂਦੇ ਹਨ। ਉਹ ਆਪਣੇ ਆਪ ਨੂੰ ਆਧੁਨਿਕ ਸਮਝਣ ਦੇ ਚੱਕਰ ਵਿਚ ਅਜਿਹੇ ਰਾਹ ਤੁਰ ਕੇ ਭਟਕਣਾ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਤਰ੍ਹਾਂ ਅਨੈਤਿਕ ਕਾਰਜਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।

### 3. ਇਸਤਰੀ ਦਾ ਸਮਾਜ ਵਿਚ ਦਰਜਾ

ਇਸਤਰੀ ਦੀ ਸਮਾਜਿਕ ਸਥਿਤੀ ਅਜੇ ਬਹੁਤੀ ਸੁਧਰੀ ਨਹੀਂ ਹੈ। ਦਾਜ-ਦਰੇਜ ਦੀਆਂ ਵਧਦੀਆਂ ਮੰਗਾਂ ਕਾਰਨ ਧੀਆਂ ਵਾਲਿਆਂ ਦੀ ਨੀਂਦ ਹਰਾਮ ਹੁੰਦੀ ਹੈ। ਪਰਿਵਾਰਿਕ ਸੰਬੰਧਾਂ ਵਿਚ ਤਣਾਉ ਵਧ ਰਹੇ ਹਨ। ਜਦੋਂ ਵਿਆਹੁਤਾ ਸੰਬੰਧਾਂ ਵਿਚ ਦਾਜ ਦੀਆਂ ਮੰਗਾਂ ਭਾਰੂ ਹੋ ਜਾਂਦੀਆਂ ਹਨ ਤਦ ਵਿਆਹੁਤਾ ਖੁਸ਼ੀਆਂ ਔਰਤ ਦੀ ਝੋਲੀ ਵਿਚ ਕਿਵੇਂ ਪੈ ਸਕਦੀਆਂ ਹਨ। ਇਸਤਰੀਆਂ ਨੇ ਕੀ ਵਿਦਿਆ ਅਤੇ ਕੀ ਕੰਮ ਕਾਰ ਦੇ ਖੇਤਰ ਵਿਚ ਸਾਬਤ ਕਰ ਦਿੱਤਾ ਹੈ ਕਿ ਉਹ ਪੁਰਖਾਂ ਨਾਲੋਂ ਕਿਸੇ ਗੱਲੋਂ ਪਿੱਛੇ ਨਹੀਂ ਹਨ। ਫਿਰ ਵੀ ਪੁਰਖ ਮਾਨਸਿਕਤਾ ਇਸਤਰੀ ਨੂੰ ਬਰਾਬਰ ਦਾ ਦਰਜਾ ਦੇਣ ਤੋਂ ਸੰਕੋਚ ਕਰਦੀ ਹੈ। ਮਨੁੱਖੀ ਜੀਵਨ ਵਿਚ ਨਿਘਾਰ ਦਾ ਕੋਈ ਹੱਦ -ਬੰਨਾ ਨਹੀਂ ਰਿਹਾ । ਰਿਸ਼ਤੇ ਇੰਨੇ ਨੀਵੇਂ ਹੋ ਗਏ ਹਨ ਕਿ ਹਰ ਸੰਜੀਦਾ ਵਿਅਕਤੀ ਸ਼ਰਮਸਾਰ ਹੋਇਆ ਮਹਿਸੂਸ ਕਰਦਾ ਹੈ। ਨਿਹਾਇਤ ਦੁਖਦਾਈ ਵਰਤਾਰਾ ਹੈ ਕਿ ਔਰਤਾਂ ਘਰੋਂ ਬਾਹਰ ਹੀ ਨਹੀਂ ਸਗੋਂ ਘਰ ਦੀ ਚਾਰ ਦਿਵਾਰੀ ਵਿਚ ਵੀ ਹਵਸ ਦਾ ਸ਼ਿਕਾਰ ਹੋ ਰਹੀਆਂ ਹਨ । ਇਹ ਕਿਸ ਤਰ੍ਹਾਂ ਦਾ ਦੌਰ ਹੈ ਕਿ ਮਾਸੂਮ ਬਾਲੜੀਆਂ ਤੋਂ ਲੈ ਕੇ ਦਾਦੀ ਮਾਂ ਤੱਕ ਦੀ ਉਮਰ ਦੀਆਂ ਔਰਤਾਂ ਨਿੱਤ ਦਿਨ ਮਰਦ ਦੀ ਹੈਵਾਨੀਅਤ ਦੁਆਰਾ ਵਿੰਨ੍ਹੀਆਂ ਜਾ ਰਹੀਆਂ ਹਨ।

### 4. ਸ਼ੋਸ਼ਲ ਮੀਡੀਏ ਦਾ ਗਲਤ ਰੋਲ

ਜਿਵੇਂ ਬਾਜ਼ਾਰ ਵਿਚ ਵਿਕਣ ਵਾਲੀ ਹਰ ਵਸਤੂ ਨੂੰ ਆਕਰਸ਼ਿਕ ਰੈਪਰ ਵਿਚ ਸਜਾ ਕੇ ਗਾਹਕਾਂ ਨੂੰ ਭਰਮਾਇਆ ਜਾਂਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਔਰਤ ਨੂੰ ਵੀ ਵਸਤਾਂ ਦੀ ਇਸ਼ਤਿਹਾਰਬਾਜ਼ੀ ਅਤੇ ਟੀ.ਵੀ. ਸੀਰੀਅਲਾਂ ਵਿਚ ਸਜਾ ਸ਼ਿੰਗਾਰ ਕੇ ਮੰਡੀ ਦੀ ਇਕ ਵਸਤੂ ਵਾਂਗ ਪੇਸ਼ ਕੀਤਾ ਜਾਂਦਾ ਹੈ। ਅਜੋਕੀ ਮਾਰੇ ਗਏ, ਲੁੱਟੇ ਗਏ, ਕਿਸਮ ਦੀ ਗਾਇਕੀ ਦੀਆਂ ਵੀਡੀਓ ਕੈਸਟਾਂ ਵਿਚ ਮਾਡਲ ਕੁੜੀਆਂ ਦੀ ਲਗਭਗ ਨਗਨ ਪੇਸ਼ਕਾਰੀ ਨੇ ਸਮਾਜ ਦੀਆਂ ਪ੍ਰਵਾਨਿਤ ਕਦਰਾਂ-ਕੀਮਤਾਂ ਦੀ ਮਿੱਟੀ ਪਲੀਤ ਕਰ ਦਿੱਤੀ ਹੈ। ਟੀ.ਵੀ. ਚੈਨਲਾਂ ’ਤੇ ਪੇਸ਼ ਕੀਤੇ ਜਾਂਦੇ ਬਹੁਤੇ ਸੀਰੀਅਲਾਂ ਵਿਚ ਵਿਆਹ-ਬਾਹਰੇ ਸਰੀਰਕ ਸਬੰਧਾਂ ਦੁਆਲੇ ਹੀ ਸਾਰੀਆਂ ਕਹਾਣੀਆਂ ਘੁੰਮਦੀਆਂ ਹਨ। ਕੋਈ ਮਰਦ ਪਾਤਰ ਦੂਜੇ ਦੀ ਪਤਨੀ ਨਾਲ ਸਬੰਧ ਬਣਾ ਰਿਹਾ ਹੈ, ਕੋਈ ਔਰਤ ਪਾਤਰ ਪਤੀ ਨੂੰ ਧੋਖਾ ਦੇ ਕੇ ਕਿਸੇ ਹੋਰ ਮਰਦ ਦਾ ਸਾਥ ਮਾਣ ਰਹੀ ਹੈ। ਕਾਰੋਬਾਰੀ ਦਫਤਰਾਂ ਵਿਚ ਬੈਠੇ ਇਹ ਕਾਰੋਬਾਰ ਤਾਂ ਘੱਟ ਹੀ ਕਰਦੇ ਦਿਖਾਏ ਜਾਂਦੇ ਹਨ, ਸਗੋਂ ਇਸ਼ਕ ਫਰਮਾਉਂਦੇ ਵੱਧ ਨਜ਼ਰ ਆਉਂਦੇ ਹਨ। ਫਰੇਬ, ਧੋਖਾ, ਲਾਲਚ, ਸਵਾਰਥ ਤੇ ਇਕ ਦੂਜੇ ਪ੍ਰਤੀ ਵਿਸ਼ਵਾਸ ਨੂੰ ਤਾਰ-ਤਾਰ ਕਰਨ ਦੀ ਚੂਲ ਦੁਆਲੇ ਘੁੰਮਦੇ ਇਹ ਸੀਰੀਅਲ ਸਮਾਜ ਨੂੰ ਕੀ ਸੁਨੇਹਾ ਦਿੰਦੇ ਹਨ, ਇਹ ਗੱਲ ਸਮਝ ਤੋਂ ਬਾਹਰ ਹੈ। ਅਜੋਕੀਆਂ ਫਿਲਮਾਂ ਵੀ ਬਹੁਤ ਹੱਦ ਤੱਕ ਇਸੇ ਰਾਹ ਤੁਰੀਆਂ ਹੋਈਆਂ ਹਨ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇੱਕੋ ਹੀ ਘਸੀ-ਪਿੱਟੀ ਕਹਾਣੀ ਨੂੰ ਵਾਰ ਵਾਰ ਦੁਹਰਾਇਆ ਜਾ ਰਿਹਾ ਹੈ। ਇਨ੍ਹਾਂ ਸਭ ਗੱਲਾਂ ਦਾ ਨੌਜਵਾਨ ਪੀੜ੍ਹੀ ’ਤੇ ਬਰਾ ਅਸਰ ਪੈਣਾ ਸੁਭਾਵਿਕ ਹੈ।

### 5. ਗਰੀਬੀ,ਅੰਨਪੜਤਾ ਅਤੇ ਉਸ ਨਾਲ ਜੁੜੇ ਜੁਰਮ

ਗਰੀਬੀ ਬਹੁਤ ਵੱਡਾ ਸਰਾਪ ਹੈ। ਕਰੋੜਾਂ ਲੋਕ ਅੱਜ ਵੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਿਰਵੇ, ਭੁੱਖਮਰੀ ਦਾ ਜੀਵਨ ਹੰਢਾਉਣ ਲਈ ਮਜਬੂਰ ਹਨ। ਪੇਟ ਦੀ ਭੁੱਖ ਦੀਆਂ ਸਤਾਈਆਂ ਅਜਿਹੀਆਂ ਔਰਤਾਂ/ਮੁਟਿਆਰਾਂ ਅੱਖਾਂ ਵਿਚ ਰੰਗੀਨ ਸੁਪਨੇ ਸਜਾਈ, ਸਭ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ’ਤੇ ਟੰਗ ਕੇ ਜਿਸਮ-ਫਰੋਸ਼ੀ ਦੀ ਅੰਨ੍ਹੀ ਗਲੀ ਦੇ ਰਾਹ ਪੈ ਜਾਂਦੀਆਂ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਅਕਸਰ ਹੀ ਨੌਜਵਾਨ ਮੁੰਡੇ ਕੁੜੀਆਂ ਵਲੋਂ ਖੇਡੀ ਜਾ ਰਹੀ ਖੁੱਲ੍ਹ-ਖੇਡ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਡੇਰੇ ਵਿੱਚ ਹੋ ਰਹੇ ਕਾਂਡਾਂ ਨੇ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ ਕਿ ਧਰਮ ਦੀ ਆੜ ਵਿਚ ਅਨੈਤਿਕ ਤੇ ਗਲਾਜ਼ਤ ਭਰੇ ਕੰਮ ਕੀਤੇ ਜਾ ਰਹੇ ਹਨ। ਧਰਮ ਦਾ ਬੁਰਕਾ ਪਾ ਕੇ ਅਜਿਹੇ ਅਖਾਉਤੀ ਸਾਧ ਭੋਲੇ ਲੋਕਾਂ ਦੀ ਮਸੂਮੀਅਤ ਤੇ ਸ਼ਰਧਾ ਦਾ ਲਾਭ ਉਠਾ ਕੇ ਕਿਸ ਤਰ੍ਹਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ, ਇਹ ਪੜ੍ਹ ਸੁਣ ਕੇ ਕੰਬਣੀ ਛਿੜਦੀ ਹੈ। ਜਿਸ ਤਰ੍ਹਾਂ ਮੁਟਿਆਰਾਂ ਨਾਲ ਇਨ੍ਹਾਂ ਡੇਰਿਆਂ ਵਿਚ ਅਣਮਨੁੱਖੀ ਵਰਤਾਉ ਕੀਤਾ ਜਾਂਦਾ ਸੀ, ਉਸ ਨੂੰ ਬਹੁਤ ਹੀ ਸ਼ਰਮਨਾਕ ਕਿਹਾ ਜਾ ਸਕਦਾ ਹੈ। ਇਸ ਦੇ ਬਾਵਜੂਦ ਅੰਨ੍ਹੀ ਸ਼ਰਧਾ ਨੇ ਲੋਕਾਂ ਦੀਆਂ ਅੱਖਾਂ ’ਤੇ ਪਰਦਾ ਪਾਇਆ ਹੋਇਆ ਸੀ। ਲੋਕ ਪਤਾ ਨਹੀਂ

ਕਿਹੜੀ ਮਜਬੂਰੀ ਵਿਚ ਆਪਣੀਆਂ ਜਵਾਨ ਧੀਆਂ ਨੂੰ ਡੇਰੇ ਦੇ ਹਵਾਲੇ ਕਰ ਆਉਂਦੇ ਸਨ। ਪੈਸੇ ਦੀ ਭੁੱਖ ਇਨਸਾਨ ਨੂੰ ਕਿਸ ਹੱਦ ਤੱਕ ਨੀਵਾਂ ਗਿਰਾ ਸਕਦੀ ਹੈ, ਸੋਚ ਤੋਂ ਬਾਹਰ ਹੈ। ਅਖੌਤੀ ਪ੍ਰੇਮੀ ਜੋੜਿਆਂ ਵਿਚ ਅਕਸਰ ਹੀ ਮਰਦ ਔਰਤ ਸ਼ਾਦੀ-ਸ਼ੁਦਾ ਹੁੰਦੇ ਹਨ, ਪਰ ਕਾਮ ਵਾਸ਼ਨਾ ਵਿਚ ਅੰਨ੍ਹੇ ਹੋਏ, ਵਸਦੇ ਰਸਦੇ ਘਰਾਂ ਨੂੰ ਵੀ ਉਜਾੜ ਲੈਂਦੇ ਹਨ ਤੇ ਆਪ ਵੀ ਉੱਜੜ ਜਾਂਦੇ ਹਨ। ਦੂਜੀ ਔਰਤ ਜਾਂ ਮਰਦ ਦੇ ਚੱਕਰ ਵਿਚ, ਖੂਨ ਇੰਨਾ ਚਿੱਟਾ ਹੋ ਗਿਆ ਹੈ ਕਿ ਰਿਸ਼ਤਿਆਂ ਦੀ ਮਿੱਟੀ ਪਲੀਤ ਹੋ ਰਹੀ ਹੈ। ਰਾਹ ਦਾ ਰੋੜਾ ਬਣਦੇ ਰਿਸ਼ਤਿਆਂ ਦਾ ਹਮੇਸ਼ਾ ਲਈ ਫਾਹਾ ਵੱਢਣ ਲਈ ਸੁਪਾਰੀ ਦੇ ਕੇ ਕਤਲ ਕਰਾਉਣ ਦਾ ਵਰਤਾਰਾ ਲਗਾਤਾਰ ਵਧ ਰਿਹਾ ਹੈ। ਲਾਲਚ, ਸਵਾਰਥ ਤੇ ਹਵਸ ਵਿਚ ਅੰਨ੍ਹੇ ਹੋਏ ਲੋਕ ਇਹ ਵੀ ਨਹੀਂ ਸੋਚਦੇ ਕਿ ਸੱਚ ਨੇ ਇਕ ਦਿਨ ਸਾਹਮਣੇ ਆ ਹੀ ਜਾਣਾ ਹੈ ਤੇ ਫਿਰ ਸਾਰੀ ਉਮਰ ਜੇਲ੍ਹ ਦੀ ਹਵਾ ਖਾਣੀ ਪੈਣੀ ਹੈ। ਇਸ਼ਕ-ਮੁਸ਼ਕ ਦੇ ਅਜਿਹੇ ਕਿੱਸੇ ਇਕ ਨਾਂ ਇਕ ਦਿਨ ਪ੍ਰਗਟ ਹੋ ਹੀ ਜਾਂਦੇ ਹਨ। ਅਜਿਹੇ ਮਾਮਲਿਆਂ ਵਿਚ ਕਈ ਵਾਰ ਮਾਸੂਮ ਬੱਚੀਆਂ ਨੂੰ ਵੀ ਬਲੀ ਦਾ ਬੱਕਰਾ ਬਣਾ ਦਿੱਤਾ ਜਾਂਦਾ ਹੈ।

## 6. ਨਵੀਂ ਤਕਨੀਕ ਦਾ ਯੁੱਗ

ਅਜੋਕੇ ਤਕਨੀਕੀ ਸਾਧਨਾਂ ਜਿਵੇਂ ਕਿ ਮੁਬਾਇਲ, ਕੰਪਿਊਟਰ ਤੇ ਇੰਟਰਨੈੱਟ ਦੀ ਅੰਨ੍ਹੇਵਾਹ ਤੇ ਨਜਾਇਜ਼ ਵਰਤੋਂ ਨੇ ਵੀ ਅਸਮਾਜਿਕ ਘਟਨਾਵਾਂ ਨੂੰ ਵਧਾਉਣ ਵਿਚ ਆਪਣੀ ਭੂਮਿਕਾ ਨਿਭਾਈ ਹੈ। ਨੌਜਵਾਨ ਪੀੜ੍ਹੀ ਇਨ੍ਹਾਂ ਸਾਧਨਾਂ ਦੀ ਪਾਗਲਪਨ ਦੀ ਹੱਦ ਤੱਕ ਦੀਵਾਨੀ ਹੈ। ਇਸੇ ਕਾਰਨ ਉਹ ਅਨੈਤਿਕ ਕੰਮਾਂ ਤੇ ਜੁਰਮ ਦੀ ਦੁਨੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਵਿਚ ਤਕਨਾਲੋਜੀ ਦੋਸ਼ੀ ਨਹੀਂ, ਸਗੋਂ ਮਨੁੱਖੀ ਸਮਝ ਹੀ ਅਧੋਗਤੀ ਦਾ ਸ਼ਿਕਾਰ ਹੋ ਕੇ ਆਪਣੇ ਤੇ ਸਮਾਜ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰ ਰਹੀ ਹੈ। ਨਿਰੰਤਰ ਬਦਲ ਰਹੇ ਸਮੇਂ ਵਿਚ ਵੀ ਮਨੁੱਖ ਨੂੰ ਆਪਣੀ ਸੂਝ-ਬੂਝ ਦੀ ਵਰਤੋਂ ਕਰ ਕੇ ਹੀ ਤਬਦੀਲੀ ਦੇ ਰਾਹ ਪੈਣ ਦੀ ਲੋੜ ਹੈ।

## 7. ਸਮਾਜੀਕ ਕਦਰਾਂ ਕੀਮਤਾਂ ਦਾ ਖਾਤਮਾ

ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖੀ ਰਿਸ਼ਤਾ-ਨਾਤਾ ਪ੍ਰਬੰਧ ਦੀ ਟੁੱਟ-ਭੱਜ ਦੇ ਮਸਲੇ ਨੂੰ ਵਿਚਾਰਨਾ ਬਹੁਤ ਜ਼ਰੂਰੀ ਹੈ। ਇਹ ਜਾਣਨਾ ਜ਼ਰੂਰੀ ਹੈ ਕਿ ਉਹ ਕਿਹੜੇ ਕਾਰਨ ਹਨ ਜਿਸ ਕਰਕੇ ਵਰਤਮਾਨ ਦੌਰ ਦਾ ਮਨੁੱਖ ਕੁਦਰਤ, ਸਮਾਜ, ਆਲੇ-ਦੁਆਲੇ ਅਤੇ ਪਰਿਵਾਰ ਤੋਂ ਟੁੱਟਦਾ ਜਾ ਰਿਹਾ ਹੈ। ਤ੍ਰਾਸਦੀ ਤਾਂ ਇਹ ਹੈ ਕਿ ਮਨੁੱਖ ਆਪਣੇ ਆਪ ਨਾਲੋਂ ਵੀ ਟੁੱਟ ਕੇ ਇਕੱਲਤਾ ਦਾ ਸ਼ਿਕਾਰ ਹੋ ਰਿਹਾ ਹੈ, ਇਸ ਕਰਕੇ ਮਨੁੱਖ ਉਦਾਸੀ ਅਤੇ ਨਿਰਾਸ਼ਤਾ ਦੇ ਆਲਮ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਕੁਝ ਚਿੰਤਕਾਂ ਨੇ ਤਾਂ ਬਹੁਤ ਸਮਾਂ ਪਹਿਲਾਂ ਹੀ ਘੋਸ਼ਣਾ ਕਰ ਦਿੱਤੀ ਸੀ ਕਿ ਸਰਮਾਏਦਾਰੀ ਜਿੱਥੇ ਵੀ ਹੋਂਦ ਵਿੱਚ ਆਈ ਹੈ ਉੱਥੇ ਹੀ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ ਤਬਾਹ ਕਰ ਦਿੱਤਾ ਹੈ। ਇਸ ਨੇ ਬੜੀ ਬੇਰਹਿਮੀ ਨਾਲ ਮਨੁੱਖ ਨੂੰ ਕੁਦਰਤੀ ਸਰੋਤਾਂ ਅਤੇ ਰਿਸ਼ਤੇ-ਨਾਤਿਆਂ ਦੀਆਂ ਤੰਦਾਂ ਨਾਲੋਂ ਤੋੜ ਕੇ ਤਾਰ-ਤਾਰ ਕਰ ਦਿੱਤਾ ਹੈ। ਇਸ ਦਾ ਵੱਡਾ ਕਾਰਨ ਹੈ ਕਿ ਕਾਰਪੋਰੇਟ ਸੈਕਟਰ ਸਮਾਜ ਦਾ ਇੱਕ-ਪਾਸੜ ਵਿਕਾਸ ਕਰ ਰਿਹਾ ਹੈ। ਇਹ ਵਿਕਾਸ ਆਮ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਕੀਤਾ ਜਾਂਦਾ, ਬਲਕਿ ਸਮਾਜ ਦੇ ਕੁਝ ਕੁ ਵਰਗਾਂ ਨੂੰ ਲਾਭ ਦੇਣ ਲਈ ਕੀਤਾ ਜਾ ਰਿਹਾ ਹੈ। ਇਹੋ ਜਿਹੇ ਵਿਕਾਸ ਨੂੰ ਚਿੰਤਨਸ਼ੀਲ ਲੋਕਾਂ ਨੇ ਇੱਕ ਪਾਸੜ, ਲੰਗੜਾ ਅਤੇ ਅਸਾਵਾਂ ਹੀ ਕਿਹਾ ਹੈ। ਜਿਉਂ ਜਿਉਂ ਸਮਾਜ ਦਾ ਤਕਨਾਲੋਜੀ ਦੇ ਪੱਖ ਤੋਂ ਵਿਕਾਸ ਹੋ ਰਿਹਾ ਹੈ ਤਿਉਂ ਤਿਉਂ ਮਨੁੱਖੀ ਰਿਸ਼ਤਿਆਂ ਦਾ ਨਿਘਾਰ ਤੇਜ਼ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਮਨੁੱਖ ਅੰਦਰੋਂ ਆਦਰਸ਼ਕ, ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ। ਮਨੁੱਖੀ ਚਿਹਰਿਆਂ ਤੋਂ ਖ਼ੁਸ਼ਹਾਲੀ ਅਤੇ ਖੇਤਾਂ 'ਚੋਂ ਹਰਿਆਲੀ ਵੀ ਖ਼ਤਮ ਹੋ ਰਹੀ ਹੈ। ਇਹ ਵਰਤਾਰਾ ਇਸ ਕਦਰ ਮਾਰੂ ਹੈ ਕਿ ਇਸ ਨਾਲ ਜੀਵ ਜੰਤੂ ਅਤੇ ਅਨੇਕਾਂ ਪੌਦਿਆਂ ਦੀਆਂ ਕਿਸਮਾਂ ਵੀ ਸਮਾਪਤ ਹੋ ਰਹੀਆਂ ਹਨ। ਇਸ ਨੇ ਕੁਦਰਤੀ ਦਾਤੇ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ ਜਿਸ ਕਰਕੇ ਲੋਕ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਅੱਜ ਲੋਕਾਂ ਅੰਦਰੋਂ ਹਾਸਾ ਅਤੇ ਆਨੰਦ ਗੁਆਚ ਰਿਹਾ ਹੈ।

## 8. ਕਿਰਤ ਪ੍ਰਤੀ ਵਫਾਦਾਰੀ ਨਾਂ ਹੋਣੀ

ਆਮ ਤੌਰ ਤੇ ਇਹ ਵੇਖਣ ਵਿਚ ਆਇਆ ਹੈ ਕਿ ਲੋਕ ਆਪਣੇ ਕੰਮ ਪ੍ਰਤੀ ਵਫਾਦਾਰ ਨਹੀਂ ਹਨ। ਉਹ ਆਪਣੇ ਹੱਕਾਂ ਤੋਂ ਤਾਂ ਚੰਗੀ ਤਰਾਂ ਜਾਣੂੰ ਹਨ ਪਰ ਉਹਨਾਂ ਨੂੰ ਆਪਵੇ ਫਰਜਾਂ ਬਾਰੇ ਕੋਈ ਖਬਰ ਨਹੀਂ। ਕਿਤੇ ਨਾ ਕਿਤੇ ਉਹ ਇਹ ਭੁੱਲਦੇ ਹਨ ਕਿ ਮਿਹਨਤ ਕਰਨ ਨਾਲ ਹੀ ਫੱਲ ਮਿਲਦੇ ਹਨ। ਕਿਸੇ ਤੋਂ ਕੰਮ ਲੈਣ ਵਾਸਤੇ ਸਾਨੂੰ ਆਪ ਮਿਸਾਲ ਬਣਨਾ ਪਵੇਗਾ। ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਇਸ ਲਈ ਸੁਆਲ ਪੈਦਾ ਹੁੰਦਾ ਹੈ ਕਿ ਆਦਰਸ਼ ਸਮਾਜ ਦੀ ਸਿਰਜਣਾ ਕੌਣ ਕਰੇਗਾ ਅਤੇ ਆਦਰਸ਼ਕ ਮਨੁੱਖ ਕਦੋਂ ਅਤੇ ਕਿਵੇਂ ਪੈਦਾ ਹੋਵੇਗਾ। ਮਨੁੱਖ, ਮਨੁੱਖਤਾ ਪ੍ਰਤੀ ਸਮਰਪਿਤ ਕਦੋਂ ਹੋਵੇਗਾ, ਆਪਣੀ ਦੂਰਦ੍ਰਿਸ਼ਟੀ ਵਾਲੀ ਸਮਝ ਤੋਂ ਕਿਹੜੇ ਵੇਲੇ ਕੰਮ ਲਵੇਗਾ। ਖ਼ਪਤਵਾਦ ਮਨੁੱਖ ਦੀਆਂ ਘੁੰਮਣ ਘੇਰੀਆਂ 'ਚੋਂ ਸਾਵਧਾਨੀ ਨਾਲ ਪਾਰ ਕਿਵੇਂ ਲੰਘੇਗਾ। ਮਨੁੱਖ ਅੰਦਰਲੇ ਹਨੇਰਿਆਂ ਨੂੰ ਦੂਰ ਕਰ ਕੇ ਰੌਸ਼ਨ ਦਿਮਾਗ ਕਦੋਂ ਹੋਵੇਗਾ, ਝੂਠ ਦੇ ਖ਼ਿਲਾਫ਼ ਆਵਾਜ਼ ਕਦੋਂ ਬੁਲੰਦ ਕਰੇਗਾ। ਸੱਚ ਬੋਲਣ ਦੀ ਹਿੰਮਤ ਕਦੋਂ ਕਰੇਗਾ। ਦੇਸ ਦਾ ਨਾਗਰਿਕ ਹੋਣ ਦੇ ਨਾਤੇ ਕੀਤੇ ਹੋਏ ਵਾਅਦੇ ਕਦੋਂ ਪੂਰੇ ਕਰੇਗਾ। ਪੱਖਪਾਤ ਤਿਆਗ ਕੇ ਨਿਰਲੇਪਤਾ ਦੀ ਮੰਜ਼ਿਲ ਵੱਲ ਕਿਸ ਤਰ੍ਹਾਂ ਵਧੇਗਾ। ਇਸ ਤਰ੍ਹਾਂ ਦੇ ਸਵਾਲ ਨਿਰੰਤਰ ਬਹਿਸ ਦੀ ਮੰਗ ਕਰਦੇ ਹਨ ਪਰ ਮੁਨਾਫ਼ਾ ਆਧਾਰਿਤ ਸਮਾਜਿਕ ਪ੍ਰਬੰਧ ਨੇ ਮਨੁੱਖੀ ਰਿਸ਼ਤੇ ਨੂੰ ਸੁਆਰਥ ਅਤੇ ਪੈਸੇ ਨਾਲ ਜੋੜ ਦਿੱਤਾ ਹੈ। ਮਨੁੱਖ ਜੋ ਚੀਜ਼ਾਂ ਵਸਤਾਂ ਆਪ ਘੜਦਾ ਤੇ ਸਿਰਜਦਾ ਹੈ, ਉਸ ਨਾਲ ਲੋੜ ਤੋਂ ਵਧੇਰੇ ਜੁੜ ਗਿਆ ਹੈ, ਜਦੋਂ ਕਿ ਜਿਸ ਕੁਦਰਤ ਨੇ ਮਨੁੱਖ ਨੂੰ ਸਿਰਜਿਆ, ਘੜਿਆ ਤੇ ਵਿਕਸਿਤ ਕੀਤਾ ਹੈ ਉਸ ਨੂੰ ਭੁਲਾਉਂਦਾ ਜਾ ਰਿਹਾ ਹੈ। ਮਨੁੱਖ ਕੋਲੋਂ ਜੀਵਨ ਦੀ ਕਸਵੱਟੀ ਗੁਆਚ ਰਹੀ ਹੈ। ਉਸ ਅੰਦਰੋਂ ਵਿਵੇਕ, ਸੰਵੇਦਨਾ ਅਤੇ ਅਹਿਸਾਸ ਖ਼ਤਮ ਹੋ ਰਹੇ ਹਨ। ਕਮਿਉਨਿਸਟ ਮੈਨੀਫੈਸਟੋ ਵਿੱਚ ਲਿਖਿਆ ਹੈ ਕਿ ਪੂੰਜੀਵਾਦੀ ਵਰਤਾਰੇ ਨੇ, ਮਨੁੱਖ ਦੀ ਨੇਕ ਲਗਨ, ਮਨੁੱਖੀ

ਦਲੇਰੀ, ਮਨੁੱਖੀ ਜੋਸ਼ ਅਤੇ ਆਮ ਮਨੁੱਖੀ ਭਾਵਨਾਵਾਂ ਨੂੰ ਨਿੱਜੀ ਸੁਆਰਥ ਦੇ ਸੀਤ ਪਾਣੀਆਂ ਵਿੱਚ ਡੋਬ ਦਿੱਤਾ ਹੈ। ਮਨੁੱਖ ਆਪਣੀ ਸਮਾਜਿਕ ਭੂਮਿਕਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪੁਸ਼ਟੀ ਵਜੋਂ ਅਧਿਆਪਕ, ਡਾਕਟਰ, ਵਕੀਲ ਅਤੇ ਧਾਰਮਿਕ ਕਹਾਉਣ ਵਾਲੇ ਮਨੁੱਖ ਆਪਣਾ ਸਮਾਜ ਸੇਵੀ ਕਰਤੱਵ ਭੁਲਦੇ ਜਾ ਰਹੇ ਹਨ। ਇਸ ਨਾਲ ਮਨੁੱਖ ਦੀਆਂ ਪ੍ਰੰਪਰਕ ਅਤੇ ਭਾਈਚਾਰਕ ਸਾਂਝਾਂ ਟੁੱਟਦੀਆਂ ਜਾ ਰਹੀਆਂ ਹਨ। ਵਿਕਾਸ ਦੇ ਭਰਮ ਵਿੱਚ ਮਨੁੱਖ ਅੱਧੀ ਅਧੂਰੀ ਅਤੇ ਅਤ੍ਰਿਪਤ ਜ਼ਿੰਦਗੀ ਜਿਉਂ ਰਿਹਾ ਹੈ। ਹਰ ਤਰ੍ਹਾਂ ਦੇ ਰਿਸ਼ਤਿਆਂ ਵਿੱਚੋਂ ਵਿਸ਼ਵਾਸ ਦੀ ਥਾਂ ਸ਼ੱਕ ਵੱਧਣ ਲੱਗ ਪਏ ਹਨ। ਮਨੁੱਖ ਸਮਾਜਿਕ ਤੌਰ 'ਤੇ ਜੱਥੇਬੰਦ ਹੋਣ ਦੀ ਥਾਂ ਟੁੱਟ-ਭੱਜ ਦੀ ਅਵਸਥਾ ਵਿੱਚੋਂ ਗੁਜ਼ਰ ਰਿਹਾ ਹੈ। ਸਮਾਜ ਦੇ ਸੰਚਾਲਕਾਂ ਨੇ ਮਨੁੱਖੀ ਮਾਨਸਿਕਤਾ ਨੂੰ ਤਣਾਓਗ੍ਰਸਤ ਬਣਾ ਦਿੱਤਾ ਹੈ। ਹਰ ਖ਼ੇਤਰ ਵਿੱਚ ਮੁਨਾਫ਼ਾਪ੍ਰਸਤੀ ਦੀ ਪ੍ਰਵਿਰਤੀ ਭਾਰੂ ਹੋ ਗਈ ਹੈ।

## 9. ਆਧੁਨਿਕਤਾ

ਸਮੇਂ ਦੀ ਤੋਰ ਕਦੇ ਇੱਕੋ ਜਿਹੀ ਨਹੀਂ ਰਹਿੰਦੀ। ਤਬਦੀਲੀ ਕੁਦਰਤ ਦਾ ਨੇਮ ਹੈ। ਪੁਰਾਣੇ ਤੇ ਵੇਲਾ ਹੰਢਾ ਚੁੱਕੇ ਪੱਤੇ ਝੜਦੇ ਰਹਿੰਦੇ ਹਨ ਤੇ ਨਵੀਆਂ ਕਰੂੰਬਲਾਂ ਫੁੱਟਦੀਆਂ ਰਹਿੰਦੀਆਂ ਹਨ। ਜ਼ਿੰਦਗੀ ਵਿਚ ਤਾਜ਼ਗੀ ਬਣਾਈ ਰੱਖਣ ਲਈ ਅਜਿਹਾ ਪਰਿਵਰਤਨ ਜ਼ਰੂਰੀ ਵੀ ਹੈ। ਸਮੇਂ ਦੇ ਬਦਲਣ ਨਾਲ ਮਨੁੱਖੀ ਜੀਵਨ-ਜਾਚ ਦੇ ਹਰ ਪਹਿਲੂ ਵਿਚ ਬਦਲਾਅ ਹੋਣਾ ਸੁਭਾਵਿਕ ਵਰਤਾਰਾ ਹੈ। ਸਿੱਖਿਆ, ਸਮਾਜਿਕ ਚੇਤਨਾ, ਵਿਗਿਆਨਕ ਤੇ ਤਕਨੀਕੀ ਖੋਜਾਂ ਦੀ ਬਦੌਲਤ ਮਨੁੱਖ ਦੀਆਂ ਸੋਚਾਂ, ਖਾਣ-ਪੀਣ, ਪਹਿਰਾਵਾ ਤੇ ਜੀਵਨ-ਜਾਚ ਵਿਚ ਵੱਡੇ ਪਰਿਵਰਤਨ ਆ ਚੁੱਕੇ ਹਨ ਤੇ ਲਗਾਤਾਰ ਆ ਰਹੇ ਹਨ। ਮਨੁੱਖੀ ਸੂਝ ਨੇ ਵਿਗਿਆਨ ਤੇ ਤਕਨਾਲੌਜੀ ਦੇ ਖੇਤਰ ਵਿਚ ਅਜਿਹੀਆਂ ਖੋਜਾਂ ਕੀਤੀਆਂ ਹਨ, ਜਿਨ੍ਹਾਂ ਨਾਲ ਜੀਵਨ ਦੀ ਤੋਰ ਬਹੁਤ ਹੀ ਬਦਲ ਗਈ ਹੈ। ਮਨੁੱਖ ਨੇ ਆਪਣੇ ਜੀਵਨ ਨੂੰ ਸੁਖਾਵਾਂ ਬਣਾਉਣ ਲਈ ਅਨੇਕਾਂ ਸੁਖ-ਸਹੂਲਤਾਂ ਪੈਦਾ ਕਰ ਲਈਆਂ ਹਨ ਤੇ ਅਜੋਕਾ ਮਨੁੱਖ ਆਪਣੇ ਆਪ ਨੂੰ 'ਮਾਡਰਨ' ਕਹਾ ਕੇ ਫੁੱਲਿਆ ਨਹੀਂ ਸਮਾ ਰਿਹਾ। ਹਾਲਾਂਕਿ ਇਹ ਅਖਾਉਤੀ ਆਧੁਨਿਕਤਾ ਮਨੁੱਖ ਨੂੰ ਬਹੁਤ ਮਹਿੰਗੀ ਪੈ ਰਹੀ ਹੈ ਤੇ ਮਨੁੱਖ ਨੂੰ ਕਈ ਤਰ੍ਹਾਂ ਦੇ ਅਣਕਿਆਸੇ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ। ਕੁਝ ਗੱਲਾਂ ਵਿਚ ਅਸੀਂ ਇੰਨੇ ਆਧੁਨਿਕ ਹੋਣ ਦਾ ਦਮ ਭਰਦੇ ਹਾਂ ਕਿ ਅਸੀਂ ਸਮਾਜ ਦੁਆਰਾ ਸਿਰਜੇ ਸਭ ਪ੍ਰਤੀਮਾਨਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਹੈ। ਅਖਬਾਰਾਂ ਵਿਚ ਅਨੈਤਿਕ ਵਿਵਹਾਰ ਵਾਲੀਆਂ ਖਬਰਾਂ ਇੰਨੀਂ ਵੱਡੀ ਗਿਣਤੀ ਵਿਚ ਛਪਦੀਆਂ ਹਨ ਕਿ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਸਾਰਾ ਸਮਾਜ ਹੀ ਨੈਤਿਕ ਕਦਰਾਂ-ਕੀਮਤਾਂ ਦੀ ਚਰਮ-ਸੀਮਾ ਪਾਰ ਕਰ ਗਿਆ ਹੋਵੇ। ਕੋਈ ਦਿਨ ਅਜਿਹਾ ਨਹੀਂ ਲੰਘਦਾ ਜਿਸ ਦਿਨ ਦੇਹ-ਵਪਾਰ ਨਾਲ ਜੁੜੀਆਂ ਖਬਰਾਂ, ਫੋਟੋਆਂ ਸਮੇਤ ਅਖਬਾਰਾਂ ਵਿਚ ਨਾ ਛਪਦੀਆਂ ਹੋਣ। ਕਿਸੇ ਨਾ ਕਿਸੇ ਧੰਦੇ ਦੀ ਆੜ ਵਿਚ ਅਜਿਹੇ ਅਨੈਤਿਕ ਕੰਮ ਕੀਤੇ ਜਾਂਦੇ ਹਨ। ਕਿਸੇ ਨੂੰ ਲਾਲਚ ਦੇ ਕੇ, ਕਿਸੇ ਨੂੰ ਵਰਗਲਾ ਕੇ, ਕਿਸੇ ਨੂੰ ਜ਼ਬਰਦਸਤੀ ਅਤੇ ਕੋਈ ਮਜਬੂਰੀਆਂ ਦੇ ਭੰਵਰ ਵਿਚ ਭਟਕਦਾ ਇਸ ਅੰਨ੍ਹੀ ਗਲੀ ਦਾ ਰਾਹੀ ਬਣ ਜਾਂਦਾ ਹੈ। ਇਕ ਵਾਰ ਫਸੇ ਬੰਦੇ ਦਾ ਅਜਿਹੇ ਕੰਮਾਂ ਵਿੱਚੋਂ ਬਾਹਰ ਨਿਕਲਣਾ ਬੇਹੱਦ ਔਖਾ ਹੋ ਜਾਂਦਾ ਹੈ। ਪਹਿਲਾਂ ਪਹਿਲ ਵੱਡੇ ਵੱਡੇ ਸਹਿਰਾਂ ਵਿਚ ਵਾਪਰਦੀਆਂ ਅਜਿਹੀਆਂ ਖਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਸਨ, ਪਰ ਹੁਣ ਤਾਂ ਛੋਟੇ ਸ਼ਹਿਰ, ਕਸਬੇ ਤੇ ਪਿੰਡ ਵੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਏ ਹਨ। ਔਰਤਾਂ, ਮੁਟਿਆਰਾਂ ਦਾ ਅਜਿਹੇ ਗੈਰ-ਸਮਾਜੀ ਧੰਦਿਆਂ ਵਿਚ, ਕਿਸੇ ਮਜਬੂਰੀ ਵੱਸ ਸ਼ਾਮਲ ਹੋਣਾ ਵੱਡੀ ਚਿੰਤਾ ਦਾ ਵਿਸ਼ਾ ਹੈ, ਨਾਬਾਲਗ ਬੱਚੀਆਂ ਨੂੰ ਤਾਂ ਕਿਸੇ ਲਾਲਚ-ਵੱਸ ਵਰਗਲਾਇਆ ਜਾ ਸਕਦਾ ਹੈ। ਪਰ ਕਿਸੇ ਲਾਲਚ ਕਾਰਨ ਜਾਂ ਆਰਥਿਕ ਮਜਬੂਰੀ ਦਾ ਬਹਾਨਾ ਬਣਾ ਕੇ ਇਸ ਪਾਸੇ ਤੁਰਨਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ ਕਿਹਾ ਜਾ ਸਕਦਾ। ਬਹੁਤੀ ਵਾਰ ਦੇਖਣ ਵਿਚ ਆਇਆ ਹੈ ਕਿ ਵਿਆਹ ਸ਼ਾਦੀ ਦੇ ਬੰਧਨ ਵਿਚ ਬੱਝੇ ਤੇ ਨਿੱਕਿਆਂ ਨਿਆਣੇ ਵਾਲੇ ਮਰਦ ਔਰਤਾਂ ਵੀ ਅਜਿਹੇ ਰਾਹ ਤੁਰ ਕੇ ਪਰਿਵਾਰਾਂ ਲਈ ਕਈ ਤਰ੍ਹਾਂ ਦੇ ਸੰਕਟ ਖੜ੍ਹੇ ਕਰ ਦਿੰਦੇ ਹਨ। ਹੋਰ ਤਾਂ ਹੋਰ ਟੀ.ਵੀ. ਅਤੇ ਮੋਬਾਈਲ ਕਲਚਰ ਨੇ ਮਨੁੱਖ ਤੋਂ ਬੋਲਣ, ਸੋਚਣ, ਦੇਖਣ ਅਤੇ ਸੁਣਨ ਦੀ ਸ਼ਕਤੀ ਖੋਹ ਲਈ ਹੈ। ਸਥਾਨਕ ਸੱਭਿਆਚਾਰ ਦੀਆਂ ਬੁਨਿਆਦਾਂ ਤਿੜਕ ਤੇ ਥਿੜਕ ਰਹੀਆਂ ਹਨ। ਮਨੁੱਖ ਦਾ ਸਵੈਮਾਣ ਖ਼ਤਮ ਹੁੰਦਾ ਜਾ ਰਿਹਾ ਹੈ। ਅਨੇਕਾਂ ਕਿੱਤਿਆਂ ਅਤੇ ਰਿਸ਼ਤਿਆਂ ਅੰਦਰੋਂ ਪਵਿੱਤਰਤਾ ਖ਼ਤਮ ਹੋ ਰਹੀ ਹੈ। ਸਮਾਜ ਸੇਵੀ ਸੰਸਥਾਵਾਂ ਅੰਦਰੋਂ ਚੰਗਿਆਈਆਂ ਹੌਲੀ-ਹੌਲੀ ਘਟਦੀਆਂ ਜਾ ਰਹੀਆਂ ਹਨ। ਸਮਾਜਿਕ ਸੰਸਥਾਵਾਂ ਦਿਖਾਵਾ ਅਤੇ ਬਾਹਰਮੁੱਖਤਾ ਵੱਲ ਉਲਾਰ ਹਨ। ਉਹ ਆਪਣੀ ਵਿਰਾਸਤੀ ਮਹਾਨਤਾ ਅਤੇ ਭਵਿੱਖਮੁੱਖੀ ਮਹੱਤਤਾ ਨੂੰ ਭੁੱਲ ਗਈਆਂ ਹਨ। ਗਿਆਨਵਾਨ ਲੋਕ ਸੱਚੇ-ਸੁੱਚੇ ਹੋਣ ਦੇ ਭਰਮ ਵਿੱਚ ਜਿਉਂ ਰਹੇ ਹਨ। ਆਮ ਲੋਕ ਏਕਤਾ ਵਿੱਚ ਪਰੋਏ ਹੋਏ ਨਹੀਂ ਹਨ।

## ਕੁੱਝ ਸੁਝਾਵ

ਅਜੋਕਾ ਸਮਾਜ ਮੰਗ ਕਰਦਾ ਹੈ ਕਿ ਮਨੁੱਖ ਨੂੰ ਬਾਹਰੀ ਅਤੇ ਆਂਤਰਿਕ ਏਕਤਾ ਦੀ ਵਧੇਰੇ ਜ਼ਰੂਰਤ ਹੈ। ਜੇ ਮਨੁੱਖ ਮਾਨਸਿਕ ਤੌਰ 'ਤੇ ਸੰਗਠਿਤ ਹੋਵੇਗਾ ਅਤੇ ਸਮਾਜਿਕ ਤੌਰ 'ਤੇ ਜੱਥੇਬੰਦ ਨਹੀਂ ਹੋਵੇਗਾ ਤਾਂ ਉਸ ਦੇ ਬੁਨਿਆਦੀ ਹੱਕ ਖੁਰਦੇ ਵੀ ਰਹਿਣਗੇ। ਜੇ ਮਨੁੱਖ ਸਮਾਜਿਕ ਤੌਰ 'ਤੇ ਜੱਥੇਬੰਦ ਹੋਵੇਗਾ ਅਤੇ ਮਾਨਸਿਕ ਤੌਰ 'ਤੇ ਵਖਰਾਓ ਵਿੱਚ ਹੋਵੇਗਾ ਤਾਂ ਵੀ ਸਮਾਜਿਕ ਤੌਰ 'ਤੇ ਵਧੀਆ ਭੂਮਿਕਾ ਨਹੀਂ ਨਿਭਾ ਸਕੇਗਾ। ਇਸ ਲਈ ਮਨੁੱਖ ਦੀ ਅੰਦਰੂਨੀ ਅਤੇ ਬਾਹਰੀ ਏਕਤਾ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਵਰਤਮਾਨ ਦੌਰ ਵਿੱਚ ਸਮਾਜ ਨੂੰ ਅਜਿਹੇ ਆਗੂਆਂ ਦੀ ਜ਼ਰੂਰਤ ਹੈ ਜੋ ਲੋਕਾਂ ਦੇ ਦਰਦ ਨੂੰ ਸਮਝਦੇ ਹੋਣ, ਮਨੁੱਖਤਾ ਨੂੰ ਸੰਤਾਪ ਵਿੱਚੋਂ ਕੱਢਣ ਲਈ ਪ੍ਰਤੀਬੱਧ ਤੇ ਬਚਨਬੱਧ ਹੋਣ। ਹਕੀਕਤ ਇਹ ਹੈ ਕਿ ਸਮਾਜ ਨੂੰ ਸੇਧ ਦੇਣ ਵਾਲੇ ਲੋਕ ਖ਼ੁਦ ਭੰਬਲਭੂਸੇ ਵਿੱਚ ਫਸੇ ਹੋਏ ਹਨ। ਵਿਚਾਰਾਂ ਦੀ ਕਠੋਰਤਾ ਅਤੇ ਸਿਧਾਂਤਾਂ ਦੀ ਕੱਟੜਤਾ 'ਚ ਨਵੇਂ ਮਾਰਗ ਤਲਾਸ਼ਣੇ ਮੁਸ਼ਕਲ ਹੋ ਰਹੇ ਹਨ। ਲੋਕ ਸਮੱਸਿਆਵਾਂ ਕਾਰਨ ਬੇਚੈਨ ਹਨ ਅਤੇ ਨਵੇਂ ਸੂਰਜਾਂ ਦੀ ਉਡੀਕ ਕਰ ਰਹੇ ਹਨ। ਲੋਕ ਆਗੂ ਕਹਾਉਣ ਵਾਲੇ ਅਜੇ ਰੁੱਖਾਂ ਵਰਗੇ ਵਿਸ਼ਾਲ ਨਹੀਂ ਹੋਏ ਜਿੱਥੋਂ ਛਾਂ ਮਿਲ ਸਕਦੀ ਹੋਵੇ, ਰੌਸ਼ਨੀ ਨਜ਼ਰ ਆ ਸਕਦੀ ਹੋਵੇ ਤੇ ਨਵੀਂ

ਦ੍ਰਿਸ਼ਟੀ ਪ੍ਰਾਪਤ ਹੋ ਸਕਦੀ ਹੋਵੇ। ਚਿੰਤਕਾਂ ਦੀਆਂ ਕਹਾਵਤਾਂ ਸੱਚ ਜਾਪਦੀਆਂ ਹਨ ਕਿ ਪੁਜਾਰੀ, ਕਵੀ, ਸਾਇੰਸਦਾਨ, ਡਾਕਟਰ ਅਤੇ ਵਕੀਲ ਆਦਿ ਧਨ ਕਮਾਉਣ ਵਾਲੀਆਂ ਮਸ਼ੀਨਾਂ ਬਣ ਗਏ ਹਨ। ਸਰਮਾਏਦਾਰੀ ਨੇ ਪਰਿਵਾਰਕ ਰਿਸ਼ਤਿਆਂ ਨੂੰ ਸਿਰਫ਼ ਤੇ ਸਿਰਫ਼ ਪੂੰਜੀਵਾਦੀ ਰਿਸ਼ਤਿਆਂ ਤਕ ਸੀਮਤ ਕਰ ਦਿੱਤਾ ਹੈ।

ਸਮਾਜਿਕ ਢਾਂਚੇ ਤੋਂ ਵਿਆਕੁਲ ਹੋਇਆ ਮਨੁੱਖ ਦਵੰਦਮਈ ਦੀ ਹਾਲਤ ਵਿੱਚ ਜਿਉਂ ਰਿਹਾ ਹੈ। ਉਸ ਦੇ ਵਿਸ਼ਵਾਸ ਟੁੱਟ ਰਹੇ ਹਨ। ਇਸ ਸਥਿਤੀ 'ਚ ਮਨੁੱਖ ਮਾਨਸਿਕ ਰਾਹਤ ਵੀ ਚਾਹੁੰਦਾ ਹੈ ਤੇ ਆਪਣੀਆਂ ਚਾਹਤਾਂ ਵੀ ਪੂਰੀਆਂ ਕਰਨੀਆਂ ਲੋਚਦਾ ਹੈ। ਲੋਕਾਂ ਲਈ ਤਲਾਸ਼ ਕਰਨੀ ਬੜੀ ਮੁਸ਼ਕਲ ਹੋ ਗਈ ਹੈ ਕਿਉਂਕਿ ਕਹਿਣੀ ਤੇ ਕਥਨੀ ਦਾ ਪੂਰਾ ਸੂਰਾ ਵਿਅਕਤੀ ਕੋਈ ਟਾਵਾਂ-ਟਾਵਾਂ ਹੀ ਮਿਲਦਾ ਹੈ। ਕੋਈ ਵਿਰਲਾ ਮਨੁੱਖ ਹੀ ਹੈ ਜੋ ਜੁਗਨੂੰਆਂ ਦੀ ਡਾਰ 'ਚ ਸ਼ਾਮਲ ਹੁੰਦਾ ਹੈ। ਸਮਾਜ ਨਾਲ ਪ੍ਰਤੀਬੱਧਤਾ ਅਤੇ ਇਸ਼ਕ ਦਾ ਰਾਹ ਸੁਖਾਲਾ ਨਹੀਂ ਹੈ। ਇਸੇ ਲਈ ਸ਼ਾਹ ਹੁਸੈਨ ਨੂੰ ਕਹਿਣਾ ਪਿਆ ਸੀ ਕਿ ਰਾਹ ਇਸ਼ਕ ਦਾ ਸੂਈ ਦਾ ਨੱਕਾ, ਤਾਗਾ ਹੋਵੇਂ ਤਾਂ ਜਾਵੀਂ। ਸਮਾਜ ਨੂੰ ਅੱਜ ਵੀ ਅਜਿਹੇ ਆਗੂਆਂ, ਲੀਡਰਾਂ ਤੇ ਨੇਤਾਵਾਂ ਦੀ ਜ਼ਰੂਰਤ ਹੈ ਜੋ ਲੋਕਾਂ ਨੂੰ ਨਵੀਂ ਦਿਸ਼ਾ ਦੇ ਸਕਦੇ ਹੋਣ, ਉਸਾਰੂ ਪੁਲਾਂਘਾਂ ਪੁੱਟ ਸਕਦੇ ਹੋਣ, ਸਮਾਜ ਦਾ ਮਾਰਗ ਦਰਸ਼ਨ ਕਰ ਸਕਦੇ ਹੋਣ, ਵਿਸ਼ਵੀਕਰਨ ਦੇ ਦੌਰ ਵਿੱਚ ਟੁੱਟ-ਭੱਜ ਰਹੇ ਰਿਸ਼ਤਿਆਂ ਨੂੰ ਬਚਾ ਸਕਦੇ ਹੋਣ ਅਤੇ ਕੁਦਰਤੀ ਸਰੋਤਾਂ ਨੂੰ ਪਿਆਰ ਕਰਦੇ ਹੋਏ ਉਨ੍ਹਾਂ ਦੀ ਰਾਖ਼ੀ ਵੀ ਕਰ ਸਕਦੇ ਹੋਣ। ਆਓ ਆਪਾਂ ਸਾਰੇ ਰੱਲ ਕੇ ਸੂਝਵਾਨ ਤਰੀਕੇ ਨਾਲ ਕੁਰੀਤੀਆਂ ਦਾ ਖਾਤਮਾ ਕਰੀਏ ਅਤੇ ਸਮਾਜ ਵਿਚ ਹੋ ਰਹੇ ਨਿਘਾਰ ਨੂੰ ਰੋਕਿਏ, ਬੱਸ ਥੋੜਾ ਸਮਝਣ ਅਤੇ ਵਿਚਾਰਨ ਦੀ ਲੋੜ ਹੈ।

## ਹਵਾਲੇ ਅਤੇ ਟਿੱਪਣੀਆਂ

1. ਕੌਰ, ਡਾ ਅਮਰਜੀਤ. ਲੋਕਧਾਰਾ ਅਤੇ ਸੱਭਿਆਚਾਰ ਅਧਿਐਨ. p. 1.
2. ਸਿੰਘ, ਡਾ. ਭੀਮ ਇੰਦਰ (2013). ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ. ਪੰਜਾਬੀ ਭਵਨ, ਲੁਧਿਆਣਾ. pp. 88–95.
3. ਸਿੰਘ, ਡਾ. ਜਸਵਿੰਦਰ (2012). ਪੰਜਾਬੀ ਸੱਭਿਆਚਾਰ ਪਛਾਣ ਚਿੰਨ. ਗਰੇਸ਼ੀਅਸ ਬੁਕਸ, ਪਟਿਆਲਾ. pp. 212–215.
4. ਫ਼ਰੈਕ, ਗੁਰਬਖ਼ਸ਼ ਸਿੰਘ. ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ. p. 23.
5. ਸਿੰਘ, ਜਗਦੀਪ ਬਰਤਾਨੀ ਪੰਜਾਬੀ ਨਾਵਲ p. 28.
6. ਮਾਂਗਟ, ਜਸਵਿੰਦਰ ਕੌਰ, ਸਮਕਾਲੀ ਪੰਜਾਬੀ ਸਮਾਜ.
7. ਕੌਰ, ਡਾ. ਧਨਵੰਤ, ਰਿਸ਼ਤਿਆਂ ਦੇ ਬਦਲਦੇ ਸਰੂਪ.
8. ਸਿੰਘ, ਦਵਿੰਦਰ, ਕੁਰੂਕਸ਼ੇਤਰ ਯੂਨੀਵਰਸਿਟੀ ਰਿਸਰਚ ਜਨਰਲ-2009